


## 3.7 ਸ਼ਬਦ ਬਣਤਰ ਅਤੇ ਸ਼ਬਦ ਰਚਨਾ

### ਸ਼ਬਦ

ਸ਼ਬਦ ਵਿਆਕਰਨਕ ਇਕਾਈ ਹੈ। ਇਹ ਵਾਕੰਸ਼ ਤੋਂ ਛੋਟੀ ਅਤੇ ਭਾਵੰਸ਼ ਤੋਂ ਵੱਡੀ ਹੁੰਦੀ ਹੈ। ਸੋ ਵਾਕੰਸ਼ ਅਤੇ ਭਾਵੰਸ਼ ਵਿਚਕਾਰ ਵਿਚਰਨ ਵਾਲੀ ਇਕਾਈ ਨੂੰ 'ਸ਼ਬਦ' ਕਿਹਾ ਜਾਂਦਾ ਹੈ। ਸ਼ਬਦ ਭਾਸ਼ਾ ਦੀ ਸੁਤੰਤਰ ਅਤੇ ਅਰਥਪੂਰਨ ਇਕਾਈ ਹੈ।

### ਸ਼ਬਦ ਬਣਤਰ

ਸ਼ਬਦਾਂ ਦੀ ਬਣਤਰ ਨੂੰ ਮੁੱਖ ਰੱਖਦਿਆਂ ਹੋਇਆਂ ਇਹਨਾਂ ਨੂੰ ਨਿਮਨਲਿਖਤ ਵਰਗਾਂ ਵਿਚ ਵੰਡਿਆ ਜਾਂਦਾ ਹੈ :

- **ਉਤਪਤੀ ਦੇ ਆਧਾਰ ਉੱਤੇ** : ਉਤਪਤੀ ਦੇ ਆਧਾਰ ਉੱਤੇ ਸ਼ਬਦਾਂ ਨੂੰ ਦੋ ਭਾਗਾਂ—ਰੂੜ੍ਹ ਅਤੇ ਯੋਗਿਕ ਵਿਚ ਵੰਡਿਆ ਜਾਂਦਾ ਹੈ :

**ਰੂੜ੍ਹ ਸ਼ਬਦ** : ਰੂੜ੍ਹ ਸ਼ਬਦ 'ਸੁਤੰਤਰ ਸ਼ਬਦ' ਹੁੰਦੇ ਹਨ। ਇਹ ਅਜਿਹੇ ਮੂਲ ਸ਼ਬਦ ਹੁੰਦੇ ਹਨ, ਜਿਹਨਾਂ ਨਾਲ ਵਧੇਤਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜਿਵੇਂ : ਖਾ, ਪੀ, ਪੜ੍ਹ, ਜਾ, ਰਹਿ ਆਦਿ।

**ਯੋਗਿਕ ਸ਼ਬਦ** : ਜਿਹੜੇ ਸ਼ਬਦ ਦੋ ਮੂਲ ਸ਼ਬਦਾਂ ਦੇ ਸੰਯੋਗ ਤੋਂ ਬਣਾਏ ਜਾਣ, ਉਹਨਾਂ ਨੂੰ ਯੋਗਿਕ ਸ਼ਬਦ ਆਖਦੇ ਹਨ। ਇਸ ਤੋਂ ਇਲਾਵਾ ਅਜਿਹੇ ਸ਼ਬਦ ਜੋ ਸਮਾਸ ਵਿਧੀ ਦੁਆਰਾ ਸਿਰਜੇ ਜਾਣ, ਉਹਨਾਂ ਨੂੰ ਵੀ 'ਯੋਗਿਕ' ਸ਼ਬਦ ਕਿਹਾ ਜਾਂਦਾ ਹੈ। ਜਿਵੇਂ :

— ਸਿਰ + ਪੀੜ → ਸਿਰਪੀੜ

— ਲੋਕ + ਸਭਾ → ਲੋਕਸਭਾ

— ਦਵਾ-ਦਾਰੂ → ਦਵਾ-ਦਾਰੂ

— ਖਾਣ-ਪੀਣ → ਖਾਣ-ਪੀਣ

ਉਪਰੋਕਤ ਸ਼ਬਦ 'ਯੋਗਿਕ' ਹਨ, ਜਿਹੜੇ ਦੋ ਮੂਲ ਸ਼ਬਦਾਂ ਦੇ ਸੰਯੋਗ ਜਾਂ ਜੋੜਨੀ ਲਗਾ ਕੇ (ਸਮਾਸੀ ਵਿਧੀ ਰਾਹੀਂ) ਸਿਰਜੇ ਗਏ ਹਨ।

• **ਰੂਪ ਦੇ ਆਧਾਰ ਉੱਤੇ** : ਰੂਪ ਦੇ ਆਧਾਰ ਉੱਤੇ ਸ਼ਬਦਾਂ ਨੂੰ ਦੋ ਭਾਗਾਂ— ਵਿਕਾਰੀ ਸ਼ਬਦ ਅਤੇ ਅਵਿਕਾਰੀ ਸ਼ਬਦ ਵਿਚ ਵੰਡਿਆ ਜਾਂਦਾ ਹੈ :

**ਵਿਕਾਰੀ ਸ਼ਬਦ** : ਜਿਹਨਾਂ ਸ਼ਬਦਾਂ ਦੇ ਰੂਪ ਵਿਚ ਲਿੰਗ, ਵਚਨ, ਪੁਰਖ, ਕਾਲ ਆਦਿ ਕਰਕੇ ਵਿਕਾਰ (ਪਰਿਵਰਤਨ) ਆਉਂਦਾ ਹੈ, ਉਹਨਾਂ ਨੂੰ 'ਵਿਕਾਰੀ ਸ਼ਬਦ' ਕਹਿੰਦੇ ਹਨ। ਜਿਵੇਂ :

— ਬੱਚਾ ਪੜ੍ਹਦਾ ਹੈ। (ਇਕ ਵਚਨ)

↓ ↓ ↓

ਬੱਚੇ ਪੜ੍ਹਦੇ ਹਨ। (ਬਹੁਵਚਨ)

— ਕੁੜੀ ਸੋਹਣੀ ਹੈ। (ਲਿੰਗ)

↓ ↓

ਮੁੰਡਾ ਸੋਹਣਾ ਹੈ। (ਪੁਲਿੰਗ)

ਉਪਰੋਕਤ ਵਾਕਾਂ ਵਿਚਲੇ ਲਕੀਰੇ ਹਿੱਸੇ/ਅੰਸ਼ ਜਾਂ ਸ਼ਬਦ ਵਿਕਾਰੀ ਹਨ, ਜਿਹਨਾਂ ਦੀ ਬਣਤਰ ਵਿਚ ਲਿੰਗ ਅਤੇ ਵਚਨ ਕਰਕੇ ਵਿਕਾਰ ਪੈਦਾ ਹੋਇਆ ਹੈ।

**ਅਵਿਕਾਰੀ ਸ਼ਬਦ** : ਜਿਹਨਾਂ ਸ਼ਬਦਾਂ ਦੇ ਰੂਪ ਵਿਚ ਲਿੰਗ, ਵਚਨ, ਪੁਰਖ, ਕਾਲ ਆਦਿ ਕਰਕੇ ਵਿਕਾਰ ਪੈਦਾ ਨਹੀਂ ਹੁੰਦਾ, ਉਹਨਾਂ ਨੂੰ 'ਅਵਿਕਾਰੀ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ :

— ਕੁੜੀ ਨੇ ਸਲੇਟ ਤੋੜੀ। (ਲਿੰਗ)

ਮੁੰਡੇ ਨੇ ਸਲੇਟ ਤੋੜੀ। (ਪੁਲਿੰਗ)

— ਕੁੜੀਆਂ ਸੁੰਦਰ ਲੱਗ ਰਹੀਆਂ ਹਨ। (ਲਿੰਗ)

ਮੁੰਡੇ ਸੁੰਦਰ ਲੱਗ ਰਹੇ ਹਨ। (ਪੁਲਿੰਗ)

ਉਪਰੋਕਤ ਵਾਕ-ਬਣਤਰਾਂ ਦੇ ਜਿਹੜੇ ਲਕੀਰੇ ਹਿੱਸੇ ਲਿੰਗ ਦੇ ਬਦਲਣ ਉਪਰੰਤ ਵੀ ਪਰਿਵਰਤਿਤ ਨਹੀਂ ਹੋਏ, ਉਹ 'ਅਵਿਕਾਰੀ ਸ਼ਬਦ' ਹਨ।

• **ਰਚਨਾ ਦੇ ਆਧਾਰ ਉੱਤੇ** : ਰਚਨਾ ਦੇ ਆਧਾਰ ਉੱਤੇ ਸ਼ਬਦਾਂ ਨੂੰ ਦੋ ਭਾਗਾਂ—ਮੂਲ ਅਤੇ ਵਿਉਤਪਤ ਵਿਚ ਵੰਡਿਆ ਜਾਂਦਾ ਹੈ :

**ਮੂਲ ਸ਼ਬਦ** : ਮੂਲ ਸ਼ਬਦ ਅਜਿਹੇ ਸੁਤੰਤਰ ਸ਼ਬਦ ਹੁੰਦੇ ਹਨ, ਜਿਹੜੇ ਵਧੇਤਰ ਹਟਾਉਣ ਉਪਰੰਤ ਵੀ ਸੁਤੰਤਰ ਅਰਥਾਂ ਦੇ ਧਾਰਨੀ ਹੁੰਦੇ ਹਨ। ਭਾਵ ਸ਼ਬਦ ਵਿੱਚੋਂ ਵਧੇਤਰ ਹਟਾ ਲਏ ਜਾਣ ਉਪਰੰਤ ਜਿਹੜਾ ਸਾਰਥਕ (ਅਰਥ ਪੂਰਨ) ਹਿੱਸਾ ਬੱਚਦਾ ਹੈ, ਉਸ ਨੂੰ 'ਮੂਲ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ—ਸਮਝ, ਗਿਆ, ਦੇ, ਦਿਲ, ਦਰ, ਹੱਲ, ਲੋਕ ਆਦਿ।

**ਵਿਉਤਪਤ ਸ਼ਬਦ** : ਮੂਲ ਸ਼ਬਦ ਨਾਲ ਵਧੇਤਰ (ਅਗੇਤਰ/ਪਿਛੇਤਰ) ਲਗਾ ਕੇ ਬਣਾਏ ਗਏ ਸ਼ਬਦਾਂ ਨੂੰ 'ਵਿਉਤਪਤ ਜਾਂ ਸਾਧਿਤ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ :

| | | | | | |
|---|---|---|---|---|---|
| — | ਬੇ | + | ਸਮਝ | → | ਬੇਸਮਝ |
| | ਅਗੇਤਰ | | ਮੂਲ | | |
| — | ਸਮਝ | + | ਦਾਰ | → | ਸਮਝਦਾਰ |
| | ਮੂਲ | | ਪਿਛੇਤਰ | | |
| — | ਦਿਆਲ | + | ਤਾ | → | ਦਿਆਲਤਾ |
| | ਮੂਲ | | ਪਿਛੇਤਰ | | |

• **ਅਰਥ ਦੇ ਆਧਾਰ ਉੱਤੇ** : ਅਰਥ ਦੇ ਆਧਾਰ ਉੱਤੇ ਸ਼ਬਦਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾਂਦਾ ਹੈ :

**ਸਮਾਨਾਰਥਕ ਸ਼ਬਦ** : ਇਕ ਸਮਾਨ ਅਰਥਾਂ ਦੇ ਧਾਰਨੀ ਸ਼ਬਦਾਂ ਨੂੰ 'ਸਮਾਨਾਰਥਕ ਸ਼ਬਦ' ਕਹਿੰਦੇ ਹਨ। ਜਿਵੇਂ ਸੋਹਣਾ/ਸੁੰਦਰ/ਮਨਮੋਹਕ/ਹਸੀਨ/ਖ਼ੂਬਸੂਰਤ, ਠੀਕ/ਸਹੀ/ਦਰੁਸਤ, ਚੰਨ/ਚੰਦਰਮਾ ਆਦਿ।

**ਵਿਰੋਧਾਰਥਕ ਸ਼ਬਦ** : ਵਿਰੋਧੀ ਅਰਥਾਂ ਦੇ ਧਾਰਨੀ ਸ਼ਬਦਾਂ ਨੂੰ 'ਵਿਰੋਧਾਰਥਕ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਉੱਚਾ-ਨੀਵਾਂ, ਗੋਰਾ-ਕਾਲਾ, ਪੁੱਠਾ- ਸਿੱਧਾ, ਛੋਟਾ-ਵੱਡਾ ਆਦਿ।

**ਵਰਗਾਰਥਕ ਸ਼ਬਦ** : ਇੱਕੋ ਵਰਗ ਨਾਲ ਸੰਬੰਧਿਤ ਸਾਂਝੇ ਅਰਥਾਂ ਦੇ ਧਾਰਨੀ ਸ਼ਬਦ 'ਵਰਗਾਰਥਕ ਸ਼ਬਦ' ਹੁੰਦੇ ਹਨ। ਜਿਵੇਂ ਜਾਨਵਰ (ਗਾਂ, ਮੱਝ, ਘੋੜਾ), ਰਿਸ਼ਤੇਦਾਰ (ਮਾਂ, ਬਾਪ, ਭੈਣ, ਭਰਾ), ਪੰਛੀ (ਚਿੜੀ, ਕਾਂ, ਕਬੂਤਰ) ਆਦਿ।

**ਬਹੁਅਰਥਕ ਸ਼ਬਦ** : ਜਿਹੜੇ ਸ਼ਬਦ ਇਕ ਤੋਂ ਵਧੇਰੇ ਅਰਥਾਂ ਦੇ ਧਾਰਨੀ ਹੁੰਦੇ ਹਨ, ਉਹਨਾਂ ਨੂੰ 'ਬਹੁਅਰਥਕ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਕੱਚਾ (ਅਣਪਕਿਆ, ਘਬਰਾਹਟ), ਬੁਝ (ਲੱਭਣਾ, ਬੰਦ), ਸੂਰਤ (ਚਿਹਰਾ, ਸਥਿਤੀ) ਆਦਿ।

• **ਬਣਤਰ ਦੇ ਆਧਾਰ ਉੱਤੇ** : ਬਣਤਰ ਦੇ ਆਧਾਰ ਉੱਤੇ ਸ਼ਬਦਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾਂਦਾ ਹੈ :

**ਸਮਾਸੀ ਸ਼ਬਦ** : ਜਿਹੜੇ ਸ਼ਬਦ ਸਮਾਸ ਜਾਂ ਜੋੜਨੀ ਲਗਾ ਕੇ ਸਿਰਜੇ ਜਾਂਦੇ ਹਨ, ਉਹਨਾਂ ਨੂੰ 'ਸਮਾਸੀ ਸ਼ਬਦ' ਕਹਿੰਦੇ ਹਨ। ਜਿਵੇਂ ਪ੍ਰੇਮ-ਸਾਰ, ਦਿਲ- ਤਰੰਗ, ਸੁੱਖ-ਆਰਾਮ, ਤੀਰ-ਅੰਦਾਜ਼ ਆਦਿ।

**ਸੰਖਿਪਤ ਸ਼ਬਦ** : ਇਕ ਤੋਂ ਵਧੇਰੇ ਸ਼ਬਦਾਂ ਦੇ ਇਕ-ਇਕ ਜਾਂ ਦੋ- ਦੋ ਅੰਸ਼ਾਂ ਦੇ ਸੁਮੇਲ ਤੋਂ ਬਣੇ ਸ਼ਬਦ 'ਸੰਖਿਪਤ ਸ਼ਬਦ' ਹੁੰਦੇ ਹਨ। ਜਿਵੇਂ—ਡੀ.ਐੱਸ.ਪੀ., ਡਾ., ਪ੍ਰੋਫ਼ੈ., ਐੱਲ.ਐੱਲ.ਬੀ., ਬੀ.ਏ. ਆਦਿ।

**ਦੁਹਰਾਵੇਂ ਸ਼ਬਦ** : ਜਿਹੜੇ ਸ਼ਬਦ ਇਕ ਤੋਂ ਵਧੇਰੇ ਸਮਾਨਾਰਥਕ ਜਾਂ ਵਿਰੋਧੀ ਸ਼ਬਦਾਂ ਦੇ ਦੁਹਰਾਉ ਤੋਂ ਬਣਦੇ ਹਨ, ਉਹਨਾਂ ਨੂੰ 'ਦੁਹਰਾਵੇਂ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ ਉੱਚਾ-ਲੰਮਾ, ਗਹਿਰ-ਗੰਭੀਰ, ਦੁੱਖ-ਸੁੱਖ, ਇਕ-ਇਕ, ਨੇੜੇ-ਨੇੜੇ ਆਦਿ।

• **ਪ੍ਰਕਾਰਜ ਦੇ ਆਧਾਰ ਉੱਤੇ** : ਇਸ ਆਧਾਰ ਉੱਤੇ ਸ਼ਬਦਾਂ ਨੂੰ ਦੋ ਭਾਗਾਂ—ਅਰਥ ਪ੍ਰਕਾਰਜੀ ਅਤੇ ਵਾਕ ਪ੍ਰਕਾਰਜੀ ਵਿਚ ਵੰਡਿਆ ਜਾਂਦਾ ਹੈ :

**ਅਰਥ ਪ੍ਰਕਾਰਜੀ ਸ਼ਬਦ** : ਜਿਹੜੇ ਸ਼ਬਦ ਵਾਕ ਵਿਚ ਅਰਥ ਪ੍ਰਕਾਰਜ ਦੀ ਪੱਧਰ ਉੱਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹਨਾਂ ਨੂੰ 'ਅਰਥ ਪ੍ਰਕਾਰਜੀ ਸ਼ਬਦ' ਕਹਿੰਦੇ ਹਨ। ਇਹਨਾਂ ਸ਼ਬਦਾਂ ਦੇ ਕੋਸ਼ਗਤ ਅਰਥ ਹੁੰਦੇ ਹਨ। ਇਹਨਾਂ ਸ਼ਬਦਾਂ ਦੇ ਅੰਤਰਗਤ—ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀਆਂ ਆਉਂਦੀਆਂ ਹਨ।

**ਵਾਕ ਪ੍ਰਕਾਰਜੀ ਸ਼ਬਦ** : ਜਿਹੜੇ ਸ਼ਬਦ ਵਾਕ ਬਣਤਰ ਵਿਚ ਵਾਕ ਪ੍ਰਕਾਰਜ ਦੀ ਪੱਧਰ ਉੱਤੇ ਦ੍ਰਿਸ਼ਟੀਗੋਚਰ ਹੁੰਦੇ ਹਨ, ਭਾਵ ਵੇਖੇ ਜਾ ਸਕਦੇ ਹਨ, ਉਹਨਾਂ ਨੂੰ 'ਵਾਕ ਪ੍ਰਕਾਰਜੀ ਸ਼ਬਦ' ਕਹਿੰਦੇ ਹਨ। ਇਹਨਾਂ ਸਬਦਾਂ ਦੇ ਅੰਤਰਗਤ—ਸੰਬੰਧਕ, ਯੋਜਕ ਸ਼ਬਦ ਸ਼੍ਰੇਣੀਆਂ ਆਉਂਦੀਆਂ ਹਨ।

ਸ਼ਬਦਾਂ ਦੀ ਬਣਤਰ ਨੂੰ ਨਿਮਨ ਆਰੇਖ ਦੁਆਰਾ ਪ੍ਰਗਟਾਇਆ ਜਾ ਸਕਦਾ ਹੈ :



## ਸ਼ਬਦ ਰਚਨਾ

ਸ਼ਬਦ ਰਚਨਾ ਤੋਂ ਭਾਵ ਸ਼ਬਦਾਂ ਦੀ ਰਚਨਾ ਤੋਂ ਹੈ। ਨਵੇਂ ਸ਼ਬਦਾਂ ਦੀ ਸਿਰਜਣਾ ਨੂੰ ਹੀ 'ਸ਼ਬਦ ਰਚਨਾ' ਕਿਹਾ ਜਾਂਦਾ ਹੈ। ਰਚਨਾ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ:

**(ੳ) ਸਾਧਾਰਨ ਸ਼ਬਦ** : ਸਾਧਾਰਨ ਸ਼ਬਦਾਂ ਦੀ ਰਚਨਾ ਇਕਹਿਰੀ ਧਾਤੂ ਰੂਪਾਂ ਰਾਹੀਂ ਹੁੰਦੀ ਹੈ। ਇਹ ਦੋ ਪ੍ਰਕਾਰ ਦੇ ਹਨ:

**ਕੋਸ਼ਗਤ ਸ਼ਬਦ** : ਜਿਹੜੇ ਸ਼ਬਦ ਰੂਪ ਕੋਸ਼ ਵਿਚ ਦਰਜ ਹੁੰਦੇ ਹਨ, ਉਹਨਾਂ ਨੂੰ 'ਕੋਸ਼ਗਤ ਸ਼ਬਦ' ਕਿਹਾ ਜਾਂਦਾ ਹੈ। ਕੋਸ਼ਗਤ ਸ਼ਬਦ ਮੁੱਖ ਰੂਪ ਵਿਚ ਕੋਸ਼ਗਤ ਅਰਥਾਂ ਦੇ ਧਾਰਨੀ ਹੁੰਦੇ ਹਨ। ਜਿਵੇਂ : ਸੂਰ, ਜਾ, ਆ, ਕਰ, ਉੱਚ, ਤੇਜ਼, ਤੁਰ, ਤੋਰ ਆਦਿ। ਨਾਂਵ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ ਅਤੇ ਕਿਰਿਆ ਕੋਸ਼ਗਤ ਸ਼ਬਦਾਂ ਦੀ ਸੂਚੀ ਵਿਚ ਸ਼ਾਮਿਲ ਹਨ।

**ਵਿਆਕਰਨਕ ਸ਼ਬਦ** : ਵਿਆਕਰਨਕ ਪ੍ਰਸੰਗ ਅਧੀਨ ਵਿਚਰਨ ਵਾਲੇ ਸ਼ਬਦਾਂ ਨੂੰ 'ਵਿਆਕਰਨਕ ਸ਼ਬਦ' ਕਹਿੰਦੇ ਹਨ। ਜਿਹੜੇ ਸ਼ਬਦ ਵਾਕ ਬਣਤਰ ਵਿਚ ਵਿਆਕਰਨਕ ਕਾਰਜ ਨਿਭਾਉਣ, ਉਹ ਵਿਆਕਰਨਕ ਸ਼ਬਦ ਹੁੰਦੇ ਹਨ। ਜਿਵੇਂ : ਸੰਬੰਧਕ, ਯੋਜਕ, ਪੜਨਾਂਵ, ਵਿਸਮਿਕ ਵਿਅਕਰਨਕ ਸ਼ਬਦਾਂ ਦੀ ਸੂਚੀ ਵਿਚ ਸ਼ਾਮਿਲ ਹਨ।

**(ਅ) ਸੰਯੁਕਤ ਸ਼ਬਦ** : ਸੰਯੁਕਤ ਸ਼ਬਦਾਂ ਦੀ ਰਚਨਾ ਧਾਤੂ ਅਤੇ ਵਧੇਤਰਾਂ ਦੇ ਸੰਯੋਗ ਤੋਂ ਹੁੰਦੀ ਹੈ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ:

**ਸਮਾਸੀ ਸ਼ਬਦ** : ਦੋ ਸ਼ਬਦਾਂ (ਧਾਤੂ + ਧਾਤੂ) ਜਾਂ (ਧਾਤੂ + ਵਧੇਤਰ) ਦੇ ਜੋੜ ਤੋਂ ਬਣੇ ਸ਼ਬਦਾਂ ਨੂੰ 'ਸਮਾਸੀ ਸ਼ਬਦ' ਕਹਿੰਦੇ ਹਨ। ਜਿਵੇਂ :

— ਲੋਕ + ਸਭਾ → ਲੋਕਸਭਾ
↓ ↓
ਧਾਤੂ ਧਾਤੂ

— ਸਹਿਜ + ਮਈ → ਸਹਿਜਮਈ
↓ ↓
ਧਾਤੂ ਵਧੇਤਰ

**ਦੁਜਾਤੀ ਸ਼ਬਦ** : ਦੋ ਵਿਭਿੰਨ ਭਾਸ਼ਾਵਾਂ ਜਾਂ ਸਰੋਤਾਂ ਤੋਂ ਆਏ ਸ਼ਬਦਾਂ ਦੇ ਸੰਯੋਗ ਤੋਂ ਜਿਹਨਾਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ, ਉਹਨਾਂ ਨੂੰ 'ਦੁਜਾਤੀ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ : ਹਰਾ ਸਬਜ਼, ਕਾਲਾ ਸਿਆਹ, ਸੋਹਣਾ ਸੁਨੱਖਾ, ਪੀਲਾ ਜਰਦ, ਚਿੱਟਾ ਸਫੇਦ ਆਦਿ।

**ਦੁਹਰਾਵੇਂ ਸ਼ਬਦ** : ਅਜਿਹੇ ਸਮਾਸੀ ਸ਼ਬਦ ਜਿਹਨਾਂ ਦੀ ਰਚਨਾ ਦੋ ਸ਼ਬਦ ਰੂਪਾਂ ਦੁਆਰਾ ਕੀਤੀ ਜਾਂਦੀ ਹੈ, ਉਸ ਨੂੰ 'ਦੁਹਰਾਵੇਂ ਸ਼ਬਦ' ਆਖਦੇ ਹਨ। ਦੁਹਰਾਵੇਂ ਸ਼ਬਦਾਂ ਦਾ ਇਕ ਰੂਪ ਜਾਂ ਹਿੱਸਾ ਨਿਰਾਰਥਕ ਹੁੰਦਾ ਹੈ। ਜਿਵੇਂ : ਪਾਣੀ-ਧਾਣੀ, ਚਾਹ-ਚੂਹ, ਰੋਟੀ-ਰਾਟੀ, ਮਾਰ-ਧਾੜ ਆਦਿ।

**(ੲ) ਵਿਉਤਪਤ ਸ਼ਬਦ :** ਵਧੇਤਰ ਅਤੇ ਧਾਤੂ ਨਾਲ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਨ ਵਾਲੇ ਸ਼ਬਦਾਂ ਨੂੰ 'ਵਿਉਤਪਤ ਸ਼ਬਦ' ਜਾਂ 'ਸਾਧਿਤ ਸ਼ਬਦ' ਕਹਿੰਦੇ ਹਨ। ਧਾਤੂ ਨਾਲ ਆਉਣ ਵਾਲੇ ਵਧੇਤਰ ਦੋ ਪ੍ਰਕਾਰ ਦੇ ਹੁੰਦੇ ਹਨ—ਅਗੇਤਰ ਅਤੇ ਪਿਛੇਤਰ। ਜਿੱਥੇ ਅਗੇਤਰ ਧਾਤੂ ਦੇ ਅੱਗੇ ਜੁੜਦੇ ਹਨ, ਉਥੇ ਪਿਛੇਤਰ ਧਾਤੂ ਦੇ ਪਿੱਛੇ।

ਵਿਉਤਪਤ ਅਗੇਤਰ ਅਤੇ ਪਿਛੇਤਰ ਨੂੰ ਅੱਗੋਂ ਫੇਰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ :

**ਸ਼੍ਰੇਣੀ ਬਦਲੂ :** ਜਦੋਂ ਵਿਉਤਪਤ ਸ਼ਬਦਾਂ ਦੀ ਰਚਨਾ ਸਮੇਂ ਧਾਤੂ ਜਾਂ ਮੂਲ ਸ਼ਬਦ ਦੀ ਸ਼੍ਰੇਣੀ ਤਬਦੀਲ ਹੋ ਜਾਂਦੀ ਹੈ ਤਾਂ ਇਸ ਨੂੰ 'ਸ਼੍ਰੇਣੀ ਬਦਲੂ ਵਿਉਤਪਤ ਸ਼ਬਦ ਰਚਨਾ' ਕਿਹਾ ਜਾਂਦਾ ਹੈ। ਜਿਵੇਂ :

- ਗੁਣ ਤੋਂ ਨਿਰਗੁਣ
- ਵੀਰ ਤੋਂ ਸੂਰਵੀਰ
- ਦਿਲ ਤੋਂ ਬੁਜ਼ਦਿਲ
- ਆਰਾਮ ਤੋਂ ਬੇਆਰਾਮ
- ਨੇਕ ਤੋਂ ਅਨੇਕ

**ਸ਼੍ਰੇਣੀ ਰੱਖਿਅਕ :** ਜਦੋਂ ਵਿਉਤਪਤ ਸ਼ਬਦਾਂ ਦੀ ਰਚਨਾ ਸਮੇਂ ਧਾਤੂ ਜਾਂ ਮੂਲ ਸ਼ਬਦ ਦੀ ਸ਼੍ਰੇਣੀ ਸਥਿਰ ਰਹਿੰਦੀ ਹੈ, ਭਾਵ ਉਸ ਵਿਚ ਤਬਦੀਲੀ ਨਹੀਂ ਵਾਪਰਦੀ ਤਾਂ ਇਸ ਨੂੰ 'ਸ਼੍ਰੇਣੀ ਰੱਖਿਅਕ ਵਿਉਤਪਤ ਸ਼ਬਦ ਸਿਰਜਨਾ ਜਾਂ ਰਚਨਾ' ਕਹਿੰਦੇ ਹਨ। ਜਿਵੇਂ : ਲਿਖ → ਲਿਖਦਾ → ਲਿਖਦੇ → ਲਿਖਦੀ → ਲਿਖਦੀਆਂ, ਪੜ੍ਹ → ਪੜ੍ਹਦਾ → ਪੜ੍ਹਦੇ → ਪੜ੍ਹਦਿਆਂ, ਚਲ → ਚਲਦਾ → ਚਲਦੇ → ਚਲਦਿਆਂ → ਚਲਦੀਆਂ ਆਦਿ।

ਸ਼ਬਦ ਰਚਨਾ ਨੂੰ ਨਿਮਨ ਆਰੇਖ ਦੁਆਰਾ ਸਮਝਿਆ ਜਾ ਸਕਦਾ ਹੈ :

**ਸ਼ਬਦ ਰਚਨਾ**

